# ਪੰਜਾਬ ਸਕੂਲ ਸਿੱਖਿਆ ਬੋਰਡ

## ਪਬਲਿਕ ਨੋਟਿਸ

ਪੰਜਾਬ ਸਕੂਲ ਸਿੱਖਿਆ ਬੋਰਡ ਤੋਂ ਵੱਖ-ਵੱਖ ਪ੍ਰੀਖਿਆਵਾਂ ਪਾਸ ਕਰ ਚੁੱਕੇ ਵਿਦਿਆਰਥੀਆਂ ਦੇ ਸਰਟੀਫਿਕੇਟਾਂ ਵਿੱਚ ਜਨਮ ਮਿਤੀ, ਮਾਤਾ ਜਾਂ ਪਿਤਾ ਦੇ ਨਾਮ ਵਿੱਚ ਗਲਤੀ ਹੋਣ ਦੀ ਸੂਰਤ ਵਿੱਚ ਬੋਰਡ ਦੇ ਵਿਨਿਯਮਾਂ ਵਿੱਚ ਭਾਵੇਂ ਪ੍ਰੀਖਿਆ ਦਾ ਨਤੀਜਾ ਘੋਸ਼ਿਤ ਹੋਣ ਤੋਂ 5 ਸਾਲ ਦੇ ਅੰਦਰ ਅੰਦਰ ਦਰੁੱਸਤੀ ਕੀਤੇ ਜਾਣ ਦਾ ਉਪਬੰਧ ਪਹਿਲਾਂ ਹੀ ਹੈ ਹੁਣ ਇਹ ਉਪਬੰਧ 10 ਸਾਲ ਤੱਕ ਕਰ ਦਿੱਤਾ ਗਿਆ ਹੈ , ਪ੍ਰੰਤੂ ਵਿਦਿਆਰਥੀਆਂ ਦੇ ਵਿਆਪਕ ਹਿੱਤ ਵਿੱਚ ਉਹਨਾਂ ਨੂੰ ਪੇਸ਼ ਆ ਰਹੀਆਂ ਔਕੜਾਂ ਦੇ ਸਮਾਧਾਨ ਲਈ ਬੋਰਡ ਦੀ ਮੀਟਿੰਗ ਮਿਤੀ 30-10-2011 ਮੱਦ ਨੰ: 5 ਵਿੱਚ ਲਏ ਗਏ ਨਿਰਣੇ ਅਨੁਸਾਰ ਹੁਣ ਉਹ ਸਾਰੇ ਵਿਦਿਆਰਥੀ ਜਿਹਨਾਂ ਨੂੰ ਬੋਰਡ ਦੀ ਪ੍ਰੀਖਿਆ ਪਾਸ ਕੀਤਿਆਂ 10 ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ , ਨੂੰ ਵੀ ਪਬਲਿਕ ਨੋਟਿਸ ਪ੍ਰਕਾਸ਼ਿਤ ਹੋਣ ਦੀ ਮਿਤੀ ਤੋਂ 45 ਦਿਨ ਦੇ ਅੰਦਰ-ਅੰਦਰ ਅਜਿਹੀ ਗਲਤੀ ਦੀ ਦਰੁੱਸਤੀ ਲਈ 5000/- ਰੁਪਏ ਵਿਸ਼ੇਸ਼ ਮੌਕੇ ਦੀ ਫੀਸ ਸਮੇਤ ਆਪਣਾ ਬਿਨੈ-ਪੱਤਰ ਨਿਯਮਾਂ ਅਧੀਨ ਨਿਰਧਾਰਤ ਫਾਰਮ ਵਿੱਚ ਭੇਜਣ ਦਾ ਇੱਕ ਵਿਸ਼ੇਸ਼ ਮੌਕਾ ਦਿੱਤਾ ਜਾਂਦਾ ਹੈ। ਇਸ ਮੰਤਵ ਲਈ ਨਿਰਧਾਰਤ ਫਾਰਮ ਬੋਰਡ ਦੀ ਵੈਬਸਾਈਟ www.pseb.ac.in ਤੋਂ ਡਾਊਨਲੋਡ ਕੀਤਾ ਜਾ ਸਕਦਾ ਹੈ । ਨਿਸ਼ਚਿਤ ਸਮੇਂ ਪਿਛੋਂ ਪ੍ਰਾਪਤ ਹੋਣ ਵਾਲੇ ਕੇਸ ਸਵੀਕਾਰ ਨਹੀਂ ਕੀਤੇ ਜਾਣਗੇ ।

ਸਕੱਤਰ,

ਪੰਜਾਬ ਸਕੂਲ ਸਿੱਖਿਆ ਬੋਰਡ।